ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫ: ਜੀ ਐਮ / ਪ੍ਰਬੰਧਕੀ, ਪੈਨਸ਼ਨ ਮੋਬਾਇਲ-2, ਪਟਿਆਲਾ)

ਵੱਲ

1) ਸਾਰੇ ਇੰਜੀ:ਇਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ ਅਧੀਨ ਪੀ ਐਸ ਪੀ ਸੀ ਐਲ / ਪੀ ਐਸ ਟੀ ਸੀ ਐਲ।
2) ਸਾਰੇ ਉਪ ਮੁੱਖ ਇੰਜ:/ਨਿਗਰਾਨ ਇੰਜੀ:/ਅਧੀਨ ਪੀ ਐਸ ਪੀ ਸੀ ਐਲ/ਪੀ ਐਸ ਟੀ ਸੀ ਐਲ।
3) ਸਾਰੇ ਮੁੱਖ ਲੇਖਾ ਅਫਸਰ/ਮੁੱਖ ਕਾਸਟ ਕੰਟਰੋਲਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ/ਉਪ ਵਿੱਤ ਸਲਾਹਕਾਰ ਅਤੇ ਲੇਖਾ ਅਫਸਰ/ਪ੍ਰੀ-ਆਡਿਟ।
4) ਸਾਰੇ ਵਧੀਕ ਨਿਗ:ਇੰਜ:/ਸੀਨੀ:ਕਾ:ਕਾ:ਇੰਜੀਨੀਅਰ ਅਧੀਨ ਪੀ ਐਸ ਪੀ ਸੀ ਐਲ/ ਪੀ ਐਸ ਟੀ ਸੀ ਐਲ।
5) ਸਾਰੇ ਵਿਭਾਗਾਂ ਦੇ ਮੁੱਖੀ ਅਤੇ ਸੁਪਰਡੈਂਟ ਮੰਡਲ (ਲੇਖਾ) ਫੀਲਡ।

ਮੀਮੋ ਨੰ: 12005/905/ਪੈਨਸ਼ਨ ਮੋਬਾਇਲ-ਲੂਜ਼
ਮਿਤੀ:- 14/3/14

ਵਿਸ਼ਾ:- ਰਿਟਾਇਰ ਹੋਣ ਵਾਲੇ ਕਰਮਚਾਰੀਆਂ ਦੀਆਂ ਵਰਕਚਾਰਜ ਸਮੇਂ ਦੀਆਂ ਸੇਵਾ ਪੱਤਰੀਆਂ ਰੈਗੂਲਰ ਸਮੇਂ ਦੀ ਸੇਵਾ ਪੱਤਰੀ ਨਾਲ ਭੇਜਣ ਸਬੰਧੀ।

ਇਸ ਦਫਤਰ ਦਾ ਮੀਮੋ ਨੰ:3919/5169/ਪੈਨਸ਼ਨ ਮੋਬਾਇਲ ਮਿਤੀ 25-11-13 ਦੀ ਲਗਾਤਾਰਤਾ ਵਿਚ ਮਾਮਲਾ ਪ੍ਰਸਾਸ਼ਨ ਵਲੋਂ ਮੁੜ ਤੋਂ ਵਿਚਾਰਦੇ ਹੋਏ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਹੈ:-

1) ਜਿਨ੍ਹਾਂ ਕਰਮਚਾਰੀਆਂ ਦੀ ਕੁਆਲੀਫਾਇੰਗ ਸਰਵਿਸ 10 ਸਾਲ ਜਾਂ 10 ਸਾਲ ਤੋਂ ਵੱਧ ਅਤੇ 25 ਸਾਲ ਤੋਂ ਘੱਟ ਹੈ ਉਹਨਾਂ ਦੇ ਪੈਨਸ਼ਨ ਕੇਸ ਵਰਕਚਾਰਜ਼ ਸਮੇਂ ਦੀ ਸੇਵਾ ਪੱਤਰੀ ਤੋਂ ਬਿਨ੍ਹਾਂ ਇਸ ਸ਼ਰਤ ਤੇ ਵਿਚਾਰ ਲਏ ਜਾਣ ਕਿ ਉਨ੍ਹਾਂ ਵਲੋਂ ਕੁਆਲੀਫਾਇੰਗ ਸੇਵਾ ਦੀ ਨਿਯਮਾਂ ਅਨੁਸਾਰ ਗਰੈਚੁੱਟੀ ਅਤੇ ਪੈਨਸ਼ਨ ਲੈਣ ਅਤੇ ਵਰਕਚਾਰਜ ਸਮੇਂ ਦੀ ਕੀਤੀ ਗਈ ਸੇਵਾ ਦਾ ਲਾਭ ਨਾ ਲੈਣ/ਕੋਰਟ ਕੇਸ ਆਦਿ ਨਾ ਕਰਨ ਸਬੰਧੀ ਫਸਟ ਕਲਾਸ ਮੈਜਿਸਟਰੇਟ ਤੋਂ ਤਸਦੀਕਸੁਦਾ ਹਲਫੀਆ ਬਿਆਨ ਪ੍ਰਾਪਤ ਕਰ ਲਿਆ ਜਾਵੇ।
2) ਜਿਨਾਂ ਕਰਮਚਾਰੀਆਂ ਦੀ ਸੇਵਾ ਦੌਰਾਨ ਮੌਤ ਹੋ ਜਾਂਦੀ ਹੈ ਅਤੇ ਉਹ ਬੋਰਡ ਹੁਣ ਪੀ ਐਸ ਪੀ ਸੀ ਐਲ/ਪੀ ਐਸ ਟੀ ਸੀ ਐਲ ਵਿਚ 1-1-04 ਤੋਂ ਪਹਿਲਾਂ ਨਿਯੁਕਤ ਹਨ ਅਤੇ ਉਹਨਾਂ ਦੀ ਕੁਆਲੀਫਾਇੰਗ ਸਰਵਿਸ 10 ਸਾਲ ਜਾਂ 10 ਸਾਲ ਤੋਂ ਵੱਧ ਹੈ ਉਹਨਾਂ ਕੇਸਾਂ ਵਿਚ ਵੀ ਬਿਨਾਂ ਵਰਕਚਾਰਜ ਦੀ ਸੇਵਾ ਪੱਤਰੀ ਤੋਂ ਇਸ ਸ਼ਰਤ ਤੇ ਵਿਚਾਰ ਲਏ ਜਾਣ ਕਿ ਉਨ੍ਹਾਂ ਵਲੋਂ ਕੁਆਲੀਫਾਇੰਗ ਸੇਵਾ ਦੀ ਨਿਯਮਾਂ ਅਨੁਸਾਰ ਗਰੈਚੁੱਟੀ ਅਤੇ ਪੈਨਸ਼ਨ ਲੈਣ ਅਤੇ ਵਰਕਚਾਰਜ ਸਮੇਂ ਦੀ ਕੀਤੀ ਗਈ ਸੇਵਾ ਦਾ ਲਾਭ ਨਾ ਲੈਣ /ਕੋਰਟ ਕੇਸ ਆਦਿ ਨਾ ਕਰਨ ਸਬੰਧੀ ਮ੍ਰਿਤਕ ਦੇ ਵਾਰਿਸ / ਜਿਸ ਨੂੰ ਪੈਨਸ਼ਨ ਲੱਗਣੀ ਹੈ ਉਸ ਪਾਸੋਂ ਫਸਟ ਕਲਾਸ ਮੈਜਿਸਟਰੇਟ ਤੋਂ ਤਸਦੀਕਸੁਦਾ ਹਲਫੀਆ ਬਿਆਨ ਪ੍ਰਾਪਤ ਕਰ ਲਿਆ ਜਾਵੇ।

ਫਿਰ ਵੀ ਜੇਕਰ ਵਰਕਚਾਰਜ ਸਮੇਂ ਦੀ ਸੇਵਾ ਪੱਤਰੀ ਜਦ ਵੀ ਉਪਲੱਬਧ ਹੋਵੇਗੀ ਇਹ ਕੇਸ ਦੁਬਾਰਾ ਵਿਚਾਰ ਲਿਆ ਜਾਵੇਗਾ।

ਇਹ ਮਾਨਯੋਗ ਸੀ.ਐਮ.ਡੀ. ਸਾਹਿਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

ਉਪ ਸਕੱਤਰ/ਪੀ ਤੇ ਆਰ,
ਪੀ ਐਸ ਪੀ ਸੀ ਐਲ, ਪਟਿਆਲਾ।

ਸੀ.ਸੀ.:-
1) ਸੀਨੀ: ਪੀ ਐਸ ਟੂ ਓ ਐਸ ਡੀ ਟੂ ਸੀ.ਐਮ.ਡੀ. ਪੀ ਐਸ ਪੀ ਸੀ ਐਲ/ਪੀ ਐਸ ਟੀ ਸੀ ਐਲ, ਪਟਿਆਲਾ।
2) ਪੀ ਐਸ ਟੂ ਡਾਇਰੈਕਟਰ/ਪ੍ਰਬੰਧਕੀ, ਪੀ ਐਸ ਪੀ ਸੀ ਐਲ, ਪਟਿਆਲਾ।
3) ਉਪ ਸਕੱਤਰ ਟੂ ਜੀ ਐਮ/ਪ੍ਰਬੰਧਕੀ, ਪੀ ਐਸ ਪੀ ਸੀ ਐਲ, ਪਟਿਆਲਾ।
4) ਸੀਨੀ: ਪੀ ਐਸ ਟੂ ਉਪ ਮੁੱਖ ਇੰਜੀ:/ਪ੍ਰਸੋਨਲ, ਪੀ ਐਸ ਪੀ ਸੀ ਐਲ, ਪਟਿਆਲਾ।
5) ਸ:ਸ: ਟੂ ਉਪ ਸਕੱਤਰ/ਪੀ ਤੇ ਆਰ, ਪੀ ਐਸ ਪੀ ਸੀ ਐਲ, ਪਟਿਆਲਾ।